## ਆਪਣੇ ਭਵਿੱਖ ਨੂੰ ਕੀਮਤੀ ਬਣਾਓ 2.0



**ਸੰਪਰਕ**


ਪਿਆਚੈਨਜ਼ਾ ਦੀ ਹਿੰਸਾ ਵਿਰੋਧੀ ਕੇਂਦਰ
- ਔਰਤਾਂ ਦਾ ਸ਼ਹਿਰ ਓ.ਡੀ.ਵੀ. ਕੇਂਦਰ
0523.334833
ਸੋਮਵਾਰ ਤੋਂ ਸ਼ੁਕਰਵਾਰ- 9:30 ਤੋਂ 17:30 ਤੱਕ
centroantiviolenzapc.donne@gmail.com

Centro antiviolenza di Piacenza
Ass.ne La città delle Donne O.d.v.
0523.334833


# QR ਕੋਡ ਦੁਆਰਾ ਜਾਣਕਾਰੀ ਤੱਕ ਕਿਵੇਂ ਜਾਣਾ ਹੈ

ਆਪਣੇ ਫੋਨ ਜਾਂ ਟੈਬਲੇਟ ਦਾ ਕੈਮਰਾ ਖੋਲੋ। QR ਕੋਡ ਨੂੰ ਫ਼ਰੇਮ ਕਰੋ ਅਤੇ ਜੋ ਬੈਨਰ ਤੁਹਾਡੇ ਫੋਨ ਜਾਂ ਟੈਬਲੇਟ ਤੇ ਆਏਗਾ ਉਸਨੂੰ ਛੂਹੋ, ਉਹ ਤੁਹਾਨੂੰ QR ਕੋਡ ਦੁਆਰਾ ਦਰਸਾਏ ਗਏ ਵੈੱਬ ਪੰਨੇ 'ਤੇ ਲੈ ਜਾਏਗਾ ਜਿਸ ਵਿੱਚ ਤੁਸੀਂ ਸਾਰੀ ਜਾਣਕਾਰੀ ਦੇਖ ਸਕੋਗੇ।





1. ਆਪਣੇ ਫੋਨ ਦਾ ਕੈਮਰਾ ਖੋਲੋ
2. QR ਕੋਡ ਨੂੰ ਫ਼ਰੇਮ ਕਰੋ
3. ਬੈਨਰ ਨੂੰ ਛੂਹੋ
4. PDF ਪੰਨਿਆਂ ਤੱਕ ਜਾਓ
5. ਮਲਟੀਪੇਜ ਡਾਕੂਮੈਂਟ ਨੂੰ ਸਕ੍ਰੋਲ ਕਰੋ

ਨੌਕਰੀ ਹੋਣਾ, ਕੰਮ ਕਰਨ ਦੀ ਇੱਛਾ ਪੈਦਾ ਕਰਨਾ, ਨਿਜੀ ਤੌਰ ਤੇ ਆਪਣੀ ਬੱਚਤ ਦਾ ਪ੍ਰਬੰਧਨ ਕਰਨਾ ਅਤੇ "ਪੈਸੇ" ਦੇ ਸੰਬੰਧ ਵਿੱਚ ਤੁਹਾਡੀਆਂ ਚੋਣਾਂ ਦਾ ਇੱਕ ਸੁਚੇਤ ਹਿੱਸਾ ਹੋਣਾ **ਇੱਕ ਵਿਅਕਤੀ ਦੇ ਸਵੈ-ਨਿਰਣੇ ਦੇ ਅਟਲ ਅਧਿਕਾਰ ਦਾ ਹਿੱਸਾ ਹਨ,** ਜਿਸਦਾ ਕਿਸੇ ਨੂੰ ਵੀ ਵਿਰੋਧ ਨਹੀਂ ਕਰਨਾ ਚਾਹੀਦਾ।




RegioneEmilia-Romagna
PROVINCIA DI PIACENZA
Centro antiviolenza di Piacenza Ass.ne La città delle Donne O.d.v. 0523.334833


# ਆਪਣੇ ਭਵਿੱਖ ਨੂੰ ਕੀਮਤੀ ਬਣਾਓ

## 2.0

ਆਰਥਿਕ ਪ੍ਰਬੰਧਨ ਔਰਤਾਂ ਲਈ ਆਜ਼ਾਦੀ ਹੈ




Div.E ਪ੍ਰੋਜੈਕਟ – ਬਣਨਾ
15.05.23 ਦੇ R.E.R. Del. 748 ਦੇ ਸਹਿਯੋਗ ਨਾਲ ਕਵਰ ਪੇਜ

# ਪ੍ਰੋਜੈਕਟ ਬਾਰੇ ਜਾਣਕਾਰੀ

ਇਹ ਪ੍ਰੋਜੈਕਟ ਸਾਰੀਆਂ ਔਰਤਾਂ ਨੂੰ ਸਪੱਸ਼ਟਤਾ ਅਤੇ ਸਰਲਤਾ ਨਾਲ ਜਾਣਕਾਰੀ ਦੇਣ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਬਣਾਇਆ ਗਿਆ ਹੈ, ਉਹਨਾਂ ਵਿਸ਼ਿਆਂ ਤੇ ਜੋ ਕਿ ਸਾਡੀ ਰੋਜ਼ਾਨਾ ਜਿੰਦਗੀ ਤੋਂ ਬਹੁਤ ਦੂਰ ਜਾਪਦੇ ਹਨ ਪਰ ਅਸਲ ਵਿੱਚ ਬਹੁਤ ਮਹੱਤਵਪੂਰਨ ਸਾਬਤ ਹੁੰਦੇ ਹਨ ਕਿਉਂਕਿ " ਕੋਲ ਹੋਣ ਦਾ ਸੰਚਾਲਨ ਕਰਨਾ " " ਬਣਨ " ਦੇ ਨਤੀਜੇ ਨਾਲ ਮੇਲ ਖਾਂਦਾ ਹੈ।

Qr-code ਦੁਆਰਾ ਜਰੂਰੀ ਜਾਣਕਾਰੀ, ਸਲਾਹ, ਲਿੰਕ, ਵਿਹਾਰਕ ਉਦਾਹਰਣਾਂ ਅਤੇ ਬਹੁ-ਭਾਸ਼ਾਈ ਅਨੁਵਾਦਾਂ ਤੱਕ ਪਹੁੰਚ ਕਰਨਾ ਸੰਭਵ ਹੋਵੇਗਾ ਤਾਂ ਜੋ ਹਰ ਔਰਤ ਆਪਣੇ ਆਰਥਿਕ ਸਰੋਤਾਂ ਦੀ ਸੰਚਾਲਤਾਂ, ਬਿੰਨਾ ਕਿਸੇ ਗਲਤੀ ਕੀਤੇ ਜੋ ਉਸਦੇ ਭਵਿੱਖ ਨੂੰ ਪ੍ਰਭਾਵਿਤ ਕਰ, ਕਰ ਸਕਣ।

# ਪੈਸੇ ਦਾ ਸਵਾਲ

ਇਸ ਦੀਆਂ ਜੜ੍ਹਾਂ ਸਭਿਆਚਾਰ ਅਤੇ ਸਮਾਜ ਵਿੱਚ ਹਨ। ਅੱਜ ਵੀ, ਬਹੁਤ ਸਾਰੇ ਪਰਿਵਾਰਾਂ ਵਿੱਚ, ਪੈਸੇ ਦਾ ਸੰਚਾਲਨ ਕਰਨਾ ਮਰਦ ਦਾ ਅਧਿਕਾਰ ਹੈ।

**ਜਾਗਰੂਕ ਆਰਥਿਕ ਸੰਚਾਲਨ ਸਮਾਜਿਕ ਸ਼ਮੂਲੀਅਤ ਲਈ ਇੱਕ ਲੀਵਰ ਵਜੋਂ ਕੰਮ ਕਰਦਾ ਹੈ ਅਤੇ ਲਿੰਗ ਹਿੰਸਾ ਦੇ ਵਿਰੁੱਧ ਰੋਕ ਥਾਮ ਦੇ ਇੱਕ ਮਹੱਤਵਪੂਰਨ ਤੱਤ ਨੂੰ ਦਰਸਾ ਸਕਦਾ ਹੈ।**

**ਆਰਥਿਕ ਹਿੰਸਾ ਲਗਭਗ 25% ਔਰਤਾਂ ਨੂੰ ਪ੍ਰਭਾਵਿਤ ਕਰਦੀ ਹੈ, ਇਥੋਂ ਤੱਕ ਕਿ ਕੁਝ ਇਤਾਲਵੀ ਖੇਤਰਾਂ ਵਿੱਚ 40% ਤੱਕ ਪਹੁੰਚ ਜਾਂਦੀ ਹੈ।**



# ਇਸ ਗਾਇਡ ਦਾ ਉਦੇਸ਼

ਬੈਂਕ ਆਫ ਇਟਲੀ ਦੁਆਰਾ ਸੰਕਲਿਤ ਕੀਤੇ ਗਏ ਅੰਕੜਿਆਂ ਦੇ ਅਨੁਸਾਰ ਸਾਡੇ ਦੇਸ਼ ਵਿੱਚ ਆਰਥਿਕ ਗਿਆਨ ਵਿੱਚ **ਲਿੰਗ ਪਾੜਾ** ਸਪੱਸ਼ਟ ਤੌਰ `ਤੇ ਯੂਰੋਪੀਅਨ ਯੂਨੀਅਨ ਦੇ ਹੋਰ ਰਾਜਾਂ ਵਿੱਚ ਸਭ ਤੋਂ ਵੱਧ ਦਰਸਾਇਆ ਜਾਂਦਾ ਹੈ। 10 ਵਿਚੋਂ 7 ਤੋਂ ਵੱਧ ਵਾਰ ਜੋੜੇ ਦੇ ਆਰਥਿਕ ਫੈਸਲੇ ਮਰਦ ਲੈਂਦਾ ਹੈ।

ਇਹ ਗਾਇਡ ਸਾਨੂੰ ਜਾਗਰੂਕਤਾ ਦੇ ਨੇੜੇ ਜਾਣ ਵਿੱਚ ਮਦਦ ਕਰੇਗੀ ਕਿ ਪੈਸੇ ਦਾ ਸੰਚਾਲਨ, ਨੁਕਸਾਨਾਂ ਅਤੇ /ਜਾਂ ਮੌਕਿਆਂ ਅਤੇ / ਜਾਂ ਲਾਭਾਂ ਦਾ ਗਿਆਨ ਜੋ ਇੱਕ "ਦਸਤਖ਼ਤ " ਲਿਆ ਸਕਦਾ ਹੈ ਅਤੇ, ਮੁਸ਼ਕਿਲ ਨੂੰ ਕਿਵੇਂ ਪਛਾਣਨਾ ਹੈ ਇਹ ਜਾਨਣਾ ਜ਼ਰੂਰੀ ਹੈ। ਕੰਮ ਵਾਲੀ ਥਾਂ ਤੇ ਹੋਰਾਂ ਦੇ ਬਰਾਬਰ ਦੇ ਅਧਿਕਾਰਾਂ ਦਾ ਪਤਾ ਹੋਣਾ ਸਾਡੀ ਜ਼ਿੰਦਗੀ ਵਿੱਚ ਮਜ਼ਬੂਤੀ ਲਿਆਂਦਾ ਹੈ ਅਤੇ ਸਾਡੇ ਭਵਿੱਖ ਨੂੰ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਤੋਂ ਬਚਾਉਂਦਾ ਹੈ।

# ਇਸ ਲਈ ਇਹ ਗਾਇਡ ਸਾਨੂੰ ਔਰਤਾਂ ਨੂੰ ਸਮਰਪਿਤ ਹੈ

ਇਹ ਇੱਕ ਐਸਾ ਸਾਧਨ ਹੈ ਜੋ ਸਾਨੂੰ "ਪੈਸੇ" ਨਾਲ ਸਬੰਧਿਤ ਮੁੱਦਿਆਂ ਨੂੰ ਬਾਹਰੋਂ, ਲਾਪਰਵਾਹੀ ਨਾਲ ਜਾਂ ਡਰ ਨਾਲ ਨਹੀਂ ਸਗੋਂ ਜਿੱਮੇਵਾਰੀ, ਦਿਲਚਸਪੀ ਅਤੇ ਭਰੋਸੇ ਨਾਲ ਆਪਣੇ ਸਵੇ -ਮਾਣ ਨੂੰ ਮਜ਼ਬੂਤ ਕਰਨ ਅਤੇ ਵਧਾਉਣ ਵਿੱਚ ਮਦਦ ਕਰ ਸਕਦਾ ਹੈ।



# ਆਰਥਿਕ ਸਿੱਖਿਆ ਨਾਲ ਲਿੰਗ ਗੈਪ ਕਿਵੇਂ ਘਟਾਉਣਾ ਹੈ

ਔਰਤਾਂ ਨੂੰ ਕੁਛ ਬੁਨਿਆਦੀ ਪੱਖਾਂ ਦੀ ਜਾਣਕਾਰੀ ਦੇਣੀ ਜਰੂਰੀ ਹੈ ਤਾਂ ਕਿ ਉਹ **ਆਰਥਿਕ ਸਿੱਖਿਆ** ਬਾਰੇ ਜਾਗਰੂਕ ਹੋ ਸਕਣ ਜਿਵੇਂ ਕਿ :

- **ਪਰਵਾਰਿਕ ਸੰਪਤੀ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ**
- **ਬਚਤ ਖਾਤੇ ਦੀ ਉਪਯੋਗਤਾਂ ਨੂੰ ਜਾਨਣਾ**
- **ਆਪਣੇ ਜੱਦੀ ਹੱਕ ਬਾਰੇ ਜਾਨਣਾ**
- **ਜਿੰਨਾਂ ਜੋੜਿਆਂ ਦਾ ਵਿਆਹ ਨਹੀਂ ਹੋਇਆ ਉਹਨਾਂ ਲਈ ਸਹਿਵਾਸ ਸਮਝੌਤੇ ਨੂੰ ਨਿਰਧਾਰਤ ਕਰਨਾ**
- **ਘਰ ਖਰੀਦਣ ਲਈ ਜਾਣਕਾਰੀ ਅਤੇ ਅਭਿਆਸ**
- **ਇੱਕ ਕਾਰੋਬਾਰੀ ਗਤੀਵਿਧੀ ਨੂੰ ਕਿਵੇਂ ਸ਼ੁਰੂ ਕਰਨਾ ਹੈ**
- **ਵਸੀਅਤ ਕਿਵੇਂ ਬਣਾਈਏ**
- **ਕੰਮ `ਤੇ ਸਮਾਨਤਾ**

ਸਾਡੇ ਖੇਤਰ ਵਿੱਚ ਸਪਸ਼ਟੀਕਰਨ, ਸਮਰਥਨ ਅਤੇ ਸਲਾਹ ਦੇਣ ਲਈ ਪੇਸ਼ੇਵਰ ਉਪਲੱਬਧ ਹਨ।



QR ਕੋਡ ਨੂੰ ਐਕਸਸ ਕਰਨ ਦੁਆਰਾ ਤੁਸੀਂ " **ਆਪਣੇ ਭਵਿੱਖ ਨੂੰ ਕੀਮਤੀ ਬਣਾਓ**" ਸਿਰਲੇਖ ਵਾਲੇ ਆਰਥਿਕ ਸਿੱਖਿਆ ਕੋਰਸ ਦੀਆਂ ਤਿੰਨ ਮੀਟਿੰਗਾਂ ਵਿਚੋਂ ਹਰੇਕ ਦਾ ਸੰਖੇਪ ਰੂਪ ਪਾਓਗੇ ਜੋ ਕਿ ਪਿਆਚੈਨਜ਼ਾ ਸੂਬੇ ਚੇ ਕੌਂਸਲ ਚੈਂਬਰ ਵਿੱਚ ਹੇਠਲਿਖਤ ਦੇ ਸਹਿਯੋਗ ਨਾਲ ਹੋ ਰਿਹਾ ਹੈ।

- **ਬੈਂਕ ਆਫ਼ ਇਟਲੀ ਪਿਆਚੈਨਜ਼ਾ ਦੀ ਬ੍ਰਾਂਚ**
- **ਪਿਆਚੈਨਜ਼ਾ ਦੀ ਨੋਟਰੀ ਕਾਉਂਸਿਲ**
- **ਪਿਆਚੈਨਜ਼ਾ ਜਿਲ੍ਹਾ**
- **ਪਿਆਚੈਨਜ਼ਾ ਜਿਲ੍ਹੇ ਦਾ ਸਮਾਨਤਾ ਕੌਂਸਲਰ**
- **ਪਿਆਚੈਨਜ਼ਾ ਦਾ ਹਿੰਸਾ ਵਿਰੋਧੀ ਕੇਂਦਰ**

ਜਾਣਕਾਰੀ ਦੇ ਲਿੰਕ ਅਤੇ ਹਰ ਹੋ ਚੁੱਕੀ ਮੀਟਿੰਗ ਦੀ ਰਿਕਾਰਡੀਗ ਨੂੰ ਸੁਣਨ ਲਈ:



**ਪਰਿਵਾਰ ਪ੍ਰਬੰਧਨ**
9 ਅਕਤੂਬਰ 2023 ਨੂੰ ਹੋਈ ਮੀਟਿੰਗ ਦਾ ਸੰਖੇਪ



**ਉੱਤਰਾਧਿਕਾਰੀ ਦਾ ਪ੍ਰਬੰਧਨ ਕਿਵੇਂ ਕਰੀਏ**
26 ਅਕਤੂਬਰ 2023 ਨੂੰ ਹੋਈ ਮੀਟਿੰਗ ਦਾ ਸੰਖੇਪ



**ਕੰਮ ਅਤੇ ਕਾਰੋਬਾਰ**
8 ਨਵੰਬਰ 2023 ਨੂੰ ਹੋਈ ਮੀਟਿੰਗ ਦਾ ਸੰਖੇਪ